ਜ਼ਿਲ੍ਹਾ ਲੋਕ ਸੰਪਰਕ ਦਫਤਰ, ਐਸ.ਏ.ਐਸ. ਨਗਰ
ਮੈਨੂਅਲ ਅਤੇ ਈ-ਪਾਸ ਦੋਵੇਂ ਪ੍ਰਮਾਣਿਤ- ਡੀਐਮ ਗਿਰੀਸ਼ ਦਿਆਲਨ
ਐਸ ਏ ਐਸ ਨਗਰ, 12 ਅਪ੍ਰੈਲ:
ਕਰਫਿਊ ਦੌਰਾਨ ਜਾਰੀ ਮੈਨੂਅਲ 'ਪਾਬੰਦੀਸ਼ੁਦਾ / ਐਮਰਜੈਂਸੀ ਆਵਾਜਾਈ ਪਾਸ' ਦੀ ਪ੍ਰਮਾਣਿਕਤਾ 'ਤੇ ਉਠਾਏ ਜਾ ਰਹੇ ਸ਼ੰਕਿਆਂ ਨੂੰ ਦੂਰ ਕਰਦਿਆਂ ਜ਼ਿਲ੍ਹਾ ਮੈਜਿਸਟ੍ਰੇਟ, ਸ੍ਰੀ ਗਿਰੀਸ਼ ਦਿਆਲਨ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਫਿਊ ਦੌਰਾਨ ਐਮਰਜੈਂਸੀ ਲਈ ਜਾਰੀ ਕੀਤੇ ਗਏ ਮੈਨੂਅਲ ਪਾਸ ਦੇ ਨਾਲ ਨਾਲ ਈ-ਪਾਸ ਦੋਵੇਂ ਉਕਤ ਪਾਸਾਂ ਤੇ ਦਰਸਾਈ ਤਰੀਕ ਤੱਕ ਯੋਗ ਹਨ।
ਉਨ੍ਹਾਂ ਕਿਹਾ ਕਿ ਇਹ ਦੱਸਣਯੋਗ ਹੈ ਕਿ ਚੈਕਿੰਗ ਦੌਰਾਨ ਮੈਨੂਅਲ ਪਾਸਾਂ ‘ਤੇ ਇਤਰਾਜ਼ ਕੀਤੇ ਜਾ ਰਹੇ ਹਨ। ਇਸ ਲਈ, ਮੈਨੂਅਲ ਦੇ ਨਾਲ ਨਾਲ ਈ-ਪਾਸ ਨੂੰ ਯੋਗ ਕਰਾਰ ਦੇਣ ਲਈ ਰਸਮੀ ਆਦੇਸ਼ ਜਾਰੀ ਕੀਤੇ ਗਏ ਹਨ।
ਉਹਨਾਂ ਦੱਸਿਆ ਕਿ ਇਨ੍ਹਾਂ ਆਦੇਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਮੈਨੂਅਲ ਪਾਸ ਵਾਲਿਆਂ ਨੂੰ ਪ੍ਰੇਸ਼ਾਨ ਨਹੀਂ ਕੀਤਾ ਜਾਣਾ ਚਾਹੀਦਾ।
ਜ਼ਿਕਰਯੋਗ ਹੈ ਕਿ ਤਾਲਾਬੰਦੀ ਦੇ ਸ਼ੁਰੂਆਤੀ ਦਿਨਾਂ ਵਿੱਚ, ਜ਼ਿਲ੍ਹਾ ਪ੍ਰਸ਼ਾਸਨ ਨੇ ਦੁੱਧ ਵਿਕਰੇਤਾ, ਸਬਜ਼ੀਆਂ ਵੇਚਣ ਵਾਲਿਆਂ, ਅਖਬਾਰਾਂ ਦੇ ਮਾਲਕਾਂ, ਕੂੜਾ ਚੁੱਕਣ ਵਾਲਿਆਂ, ਸਫਾਈ ਸੇਵਕਾਂ ਆਦਿ ਵਰਗੀਆਂ ਜ਼ਰੂਰੀ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਸ਼ਾਮਲ ਲੋਕਾਂ ਨੂੰ ਮੈਨੂਅਲ ਪਾਸ ਜਾਰੀ ਕੀਤੇ ਸਨ ਪਰ ਹੌਲੀ-ਹੌਲੀ ਈ-ਪਾਸਾਂ ਦੇ ਵਰਤੋਂ ਵਿੱਚ ਆਉਣ ਨਾਲ, ਉਹਨਾਂ ਨੂੰ ਮੈਨੂਅਲ ਪਾਸਾਂ ਦੀ ਜਾਇਜ਼ਤਾ ਦਰਸਾਉਣ ਵਿੱਚ ਮੁਸ਼ਕਲ ਪੇਸ਼ ਆ ਰਹੀ ਸੀ। ਇਸ ਲਈ ਪਾਸ ਦੀ ਨਿਰਧਾਰਤ ਮਿਤੀ ਤੱਕ ਸਾਰੇ ਮੈਨੂਅਲ ਪਾਸਾਂ ਨੂੰ ਵੈਧ ਰੱਖਣ ਦੇ ਆਦੇਸ਼ ਦਿੱਤੇ ਗਏ ਹਨ।

ਜ਼ਿਲ੍ਹਾ ਲੋਕ ਸੰਪਰਕ ਦਫਤਰ, ਐਸ.ਏ.ਐਸ. ਨਗਰ

ਨਿਰੰਤਰ ਟਰੇਸਿੰਗ ਅਤੇ ਨਮੂਨੇ ਲੈਣ ਨਾਲ 3 ਹੋਰ ਪਾਜੇਟਿਵ ਮਾਮਲਿਆਂ ਦੀ ਕੀਤੀ ਗਈ ਪਛਾਣ

ਸਾਰੇ ਮਾਮਲੇ ਪਿੰਡ ਜਵਾਹਰਪੁਰ ਤੋਂ, ਤਿੰਨੋਂ ਹੀ ਪਹਿਲਾਂ ਹੀ ਪਾਜੇਟਿਵ ਮਾਮਲਿਆਂ ਦੇ ਨਜਦੀਕੀ ਪਰਿਵਾਰ ਮੈਂਬਰ

ਐਸ ਏ ਐਸ ਨਗਰ, 12 ਅਪ੍ਰੈਲ:

"ਜ਼ਿਲ੍ਹਾ ਪ੍ਰਸ਼ਾਸਨ ਵਿਆਪਕ ਸੰਪਰਕ ਟਰੇਸਿੰਗ ਅਤੇ ਨਮੂਨੇ ਲਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ ਜਿਸ ਨਾਲ ਹੋਰ ਮਾਮਲਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਸਥਿਤੀ ਦਾ ਸਪਸ਼ਟ ਮੁਲਾਂਕਣ ਕਰਨ ਅਤੇ ਕੋਰੋਨਾ ਵਾਇਰਸ

ਬਿਮਾਰੀ ਨਾਲ ਲੜਨ ਲਈ ਵਿਆਪਕ ਰਣਨੀਤੀ ਤਿਆਰ ਕਰਨ ਵਿਚ ਸਹਾਇਤਾ ਕਰੇਗੀ।"

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਗਿਰੀਸ਼ ਦਿਆਲਨ ਨੇ ਦੱਸਿਆ ਕਿ ਅੱਜ 3 ਹੋਰ ਮਾਮਲੇ ਸਾਹਮਣੇ ਆਏ ਹਨ। ਇਹਨਾਂ 3 ਪਾਜੇਟਿਵ ਮਾਮਲਿਆਂ ਵਿੱਚ ਪਿੰਡ ਜਵਾਹਰਪੁਰ ਤੋਂ ਕ੍ਰਮਵਾਰ 80 ਅਤੇ 55 ਸਾਲਾ ਦੋ ਮਹਿਲਾਵਾਂ ਸ਼ਾਮਲ ਹਨ ਅਤੇ ਇੱਕ 17 ਸਾਲ ਦੀ ਲੜਕੀ ਸ਼ਾਮਲ ਹੈ। ਇਹ ਪਹਿਲਾਂ ਹੀ ਪਾਜੇਟਿਵ ਮਾਮਲਿਆਂ ਦੇ ਨਜ਼ਦੀਕੀ ਪਰਿਵਾਰਕ ਮੈਂਬਰ ਹਨ। ਇਹਨਾਂ ਨੂੰ ਪਹਿਲਾਂ ਹੀ ਅਲੱਗ ਕੀਤਾ ਜਾ ਚੁੱਕਾ ਹੈ।

ਜ਼ਿਕਰਯੋਗ ਹੈ ਕਿ ਸ਼ਨੀਵਾਰ ਨੂੰ ਖਰੜ ਦੀ ਰਹਿਣ ਵਾਲੀ 78 ਸਾਲਾ ਮਹਿਲਾ ਦੇ ਪਤੀ ਦੀ ਰਿਪੋਰਟ ਵੀ ਦੇਰ ਸ਼ਾਮ ਪਾਜੇਟਿਵ ਪਾਈ ਗਈ ਸੀ। ਹਾਲਾਂਕਿ, ਉਨ੍ਹਾਂ ਦੇ 6 ਪਰਿਵਾਰਕ ਮੈਂਬਰਾਂ ਦੇ ਨਮੂਨੇ ਨੈਗਟਿਵ ਆਏ ਹਨ ਅਤੇ ਇਹਨਾਂ ਸਾਰਿਆਂ ਨੂੰ ਕੁਆਰੰਟੀਨ ਕੀਤਾ ਗਿਆ ਹੈ। ਇਹ ਵਰਣਨਯੋਗ ਹੈ ਕਿ ਸ਼ਨੀਵਾਰ ਨੂੰ ਹੀ, ਪਿੰਡ ਜਵਾਹਰਪੁਰ ਤੋਂ ਦੋ ਹੋਰ ਕੋਰੋਨਾ ਵਾਇਰਸ ਦੇ ਪਾਜੇਟਿਵ ਮਾਮਲੇ ਸਾਹਮਣੇ ਆਏ ਸਨ। ਪਾਜੇਟਿਵ ਪਾਏ ਗਏ ਵਿਅਕਤੀਆਂ ਵਿੱਚ 2 ਪੁਰਸ਼ ਹਨ, ਜੋ ਕਿ ਪਹਿਲਾਂ ਪਾਜੀਟਿਵ ਪਾਏ ਗਏ ਵਿਅਕਤੀਆਂ ਦੇ ਗੁਆਂਢੀ ਸਨ, ਅਤੇ ਉਹਨਾਂ ਦੀ ਉਮਰ ਕ੍ਰਮਵਾਰ 38 ਅਤੇ 58 ਸਾਲ ਹੈ।

ਹੁਣ ਤੱਕ ਜ਼ਿਲ੍ਹੇ ਵਿੱਚ ਕੁੱਲ ਪਾਜੇਟਿਵ ਕੇਸਾਂ ਦੀ ਗਿਣਤੀ 54 ਤੱਕ ਪਹੁੰਚ ਗਈ ਹੈ। ਇਨ੍ਹਾਂ ਵਿੱਚੋਂ 36 ਕੇਸ ਪਿੰਡ ਜਵਾਹਰਪੁਰ ਦੇ ਹਨ। ਇਸ ਤੋਂ ਇਲਾਵਾ 2 ਦੀ ਮੌਤ ਹੋ

ਗਈ ਹੈ ਜਦਕਿ 5 ਵਿਅਕਤੀ ਠੀਕ ਹੋ ਗਏ ਹਨ ਅਤੇ ਘਰ ਚਲੇ ਗਏ ਹਨ।

ਐਕਟਿਵ ਮਾਮਲਿਆਂ ਦੀ ਗਿਣਤੀ ਹੁਣ ਤੱਕ 47 ਹੈ।

ਪਿੰਡ ਜਵਾਹਰਪੁਰ ਅਤੇ ਆਸ ਪਾਸ ਦੇ ਪਿੰਡਾਂ ਵਿਚ ਕੰਟੇਨਮੈਂਟ ਪ੍ਰੋਟੋਕੋਲ ਦੀ ਸਖਤੀ ਨਾਲ ਪਾਲਣਾ ਕੀਤੀ ਜਾ ਰਹੀ ਹੈ। ਸੈਨੀਟਾਈਜੇਸ਼ਨ ਵੀ ਨਿਯਮਤ ਅੰਤਰਾਲਾਂ ‘ਤੇ ਕੀਤੀ ਜਾ ਰਹੀ ਹੈ।

ਜ਼ਿਲ੍ਹਾ ਲੋਕ ਸੰਪਰਕ ਦਫਤਰ, ਐਸ.ਏ.ਐਸ ਨਗਰ

ਕਣਕ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਮੁੱਖ ਦਫਤਰ ਮੁਹਾਲੀ ਵਿਖੇ ਕੰਟਰੋਲ ਰੂਮ ਸਥਾਪਤ: ਲਾਲ ਸਿੰਘ ਚੇਅਰਮੈਨ ਪੰਜਾਬ ਮੰਡੀ ਬੋਰਡ

ਐਸ ਏ ਐਸ ਨਗਰ, 12 ਅਪ੍ਰੈਲ:

"ਕਣਕ ਦੀ ਨਿਰਵਿਘਨ ਅਤੇ ਪ੍ਰੇਸ਼ਾਨੀ ਰਹਿਤ ਖਰੀਦ ਨੂੰ ਯਕੀਨੀ ਬਣਾਉਣ ਲਈ, ਪੰਜਾਬ ਮੰਡੀ ਬੋਰਡ ਨੇ ਮੁਹਾਲੀ ਦੇ ਮੁੱਖ ਦਫਤਰ ਵਿਖੇ ਇੱਕ ਕੰਟਰੋਲ ਰੂਮ ਸਥਾਪਤ ਕੀਤਾ ਹੈ।"

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰੀ ਲਾਲ ਸਿੰਘ ਨੇ ਕਿਹਾ ਕਿ ਜੇਕਰ ਕਿਸੇ ਵੀ ਕਿਸਾਨ, ਆੜ੍ਹਤੀਆ ਅਤੇ ਮਜ਼ਦੂਰ ਨੂੰ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਸਭ ਤੋਂ ਪਹਿਲਾਂ ਸਕੱਤਰ, ਮਾਰਕੀਟ ਕਮੇਟੀ ਨਾਲ ਸਥਾਨਕ ਪੱਧਰ ’ਤੇ ਸੰਪਰਕ ਕਰ ਸਕਦੇ ਹਨ। ਜੇਕਰ ਉਹਨਾਂ ਦੀ ਸਮੱਸਿਆ ਦਾ ਹੱਲ ਨਹੀਂ ਹੁੰਦਾ ਤਾਂ ਉਹ ਕੰਟਰੋਲ ਰੂਮ ਨੰਬਰ 0172-5101641 'ਤੇ ਸੰਪਰਕ ਕਰ ਸਕਦੇ ਹਨ।

ਇਸ ਤੋਂ ਇਲਾਵਾ, ਕਿਸਾਨਾਂ ਅਤੇ ਆੜ੍ਹਤੀਆਂ ਦੇ ਲਾਭ ਲਈ, ਇਕ epmb ਮੋਬਾਈਲ ਐਪ ਵੀ ਲਾਂਚ ਕੀਤੀ ਗਈ ਹੈ। ਇਸ ਤੋਂ ਇਲਾਵਾ, ਕਿਸੇ ਵੀ ਮੁਸ਼ਕਲ ਦੀ ਸਥਿਤੀ ਵਿੱਚ ਈਮੇਲ ਆਈਡੀ wheat.proc2020.ctrl@punjab.gov.in. 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

District Public Relations Office, S. A. S. Nagar
Both Manual and e-passes valid -DM Girish Dayalan
S. A. S. Nagar, April 12:
Dispelling the doubts being raised on validity of manual ‘restricted/emergency movement passes’ issued during the curfew period, the District Magistrate , Mr. Girish Dayalan informed that both the manual as well as the e-passes issued by the District Administration for the purpose of emergency movement during the curfew, are valid till the date mentioned on the said passes.
He said that it has been noticed that during the checking, the objections are being raised on the manual passes. So, formal orders have been issued for considering both the manual as well as the e-passes, valid.
Keeping in view these orders, those who carry the manual passes must not be harassed, reiterated Dayalan.
Pertinently, in the initial days of lockdown, District Administration had issued manual passes to the people involved in delivering essential services like milk vendors, vegetable sellers, newspaper hawkers, garbage collectors, sanitation workers etc. but with the gradual shift to e-passes, they were facing difficulty in justifying the legitimacy of manual passes. Hence orders have been passed to hold all manual passes valid till the date specified on the pass.

District Public Relations Office, S. A. S. Nagar

Continuous tracing & sampling leads to detection of 3 more positive cases

All from Jawaharpur, immediate family of already positive cases

S. A. S. Nagar, April 12:

"The District Administration is leaving no stone unturned in ensuring extensive contact tracing and sampling which is leading to more cases being tracked. This would help in having a clear assessment of the situation and the formulation of comprehensive strategy to combat the corona virus disease."

Divulging this here today, the Deputy Commissioner Mr. Girish Dayalan said that today 3 more cases have come to light. The three positive cases include 2 women aged 80 and 55 years and a 17 year old girl respectively, from village Jawaharpur and are immediate family of already positive cases. They have been isolated already.

It is also worth mentioning that on Saturday, the husband of the 78 year old woman from Kharar also tested positive late last evening. However, the samples of their 6 family members tested negative.They all were home quarantined. Apart from this, It is noteworthy that on Saturday itself, two more corona virus positive cases emerged from village Jawaharpur. The persons found positive include 2 males, who were neighbours of earlier positive persons, aged 38 and 58 respectively.

As of now, the total number of positive cases in the district has reached 54. Out of these, 37 cases are from village Jawaharpur. The casualty figure is 2 while 5 persons have been cured and gone home. The active cases number as of now is 47.

The containment protocol is being strictly followed in the village Jawaharpur and the adjoining villages such as Devigarh and Mehmudpur. The Sanitization is also being done at regular intervals.

District Public Relations Office, S. A. S. Nagar

Control Room set up at Head Office Mohali to ensure smooth procurement of wheat : Lal Singh Chairman Punjab Mandi Board

S. A. S. Nagar, April 12:

"In order to ensure the smooth and hassle-free procurement of wheat, the Punjab Mandi Board has set up a control room at Head Office in Mohali."

Disclosing this here today, the Chairman, Punjab Mandi Board Mr. Lal Singh said that in case any farmer, arhtiya and labourer encounters any problem, then they firstly can contact Secretary, Market Committee at local level. In case, the problem is not resolved then they must contact the control room number 0172-5101641.

Apart from this, for the benefit of farmers and arhtiyas, an epmb mobile app has also been launched. Besides, contact can also be established in case of any difficulty at email id wheat.proc2020.ctrl@punjab.gov.in.